ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

✓ ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੌਂਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 227 ਵੈਬ ਪੋਰਟਲ/ਸਕਾਲਰਸ਼ਿਪ ਮਿਤੀ: 16/4/14

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2013-14 ਦਾ ਸਕਾਲਰਸ਼ਿਪ ਦਾ ਲਾਭ ਦੇਣ ਲਈ ਪੋਰਟਲ ਤੇ ਪੈਂਡੇਸੀ ਖਤਮ ਕਰਨ ਸਬੰਧੀ।

ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ: 2157-62 ਮਿਤੀ 30.12.2013, ਪੱਤਰ ਨੰ: 15 ਮਿਤੀ 09.01.2014, ਪੱਤਰ ਨੰ: 311 ਅਤੇ 314 ਮਿਤੀ 09.01.2014, ਪੱਤਰ ਨੰ:65 ਮਿਤੀ 29.01.2014, ਪੱਤਰ ਨੰ: 128 ਮਿਤੀ 17.02.2014,ਪੱਤਰ ਨੰ: 182 ਮਿਤੀ 21.03.2014 ਅਤੇ ਪੱਤਰ ਨੰ: 197 ਮਿਤੀ 28.03.2014 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰਾਂ ਨਾਲ ਲਿਸਟ ਨੱਥੀ ਕਰਕੇ ਵਾਰ-2 ਆਪ ਨੂੰ ਕਿਹਾ ਗਿਆ ਸੀ ਕਿ ਆਪਦੇ ਕਾਲਜ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਸਾਲ 2013-14 ਦੇ ਕੇਸ ਵੈਬ-ਪੋਰਟਲ ਤੇ ਪੈਡਿੰਗ ਸ਼ੋਅ ਹੋ ਰਹੇ ਹਨ। ਇਸ ਲਈ ਆਪਣੀ ਸੰਸਥਾ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਸਬੰਧਤ ਪੈਂਡੇਸੀ ਨੂੰ ਤੁਰੰਤ ਖਤਮ ਕੀਤਾ ਜਾਵੇ। ਇਹ ਪੈਂਡੇਂਸੀ ਖਤਮ ਕਰਨ ਲਈ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਵੱਲੋਂ ਆਪ ਨੂੰ ਤਿੰਨ (3) ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਪ੍ਰੰਤੂ ਵੈਬ ਪੋਰਟਲ ਚੈੱਕ ਕਰਨ ਤੋਂ ਪਤਾ ਚਲਿਆ ਹੈ ਕਿ ਅਜੇ ਵੀ ਵਿਦਿਆਰਥੀਆਂ ਦੀਆਂ ਲਗਭਗ 60 ਪ੍ਰਤੀਬੇਨਤੀਆਂ ਪੈਡਿੰਗ ਸ਼ੋਅ ਹੋ ਰਹੀਆਂ ਹਨ।ਜਿਸ ਲਈ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਵੱਲੋਂ ਬਹੁਤ ਗੰਭੀਰ ਨੋਟਿਸ ਲਿਆ ਗਿਆ ਹੈ। ਭਲਾਈ ਵਿਭਾਗ ਵੱਲੋਂ ਫਾਈਨਲ ਡਾਟੇ ਦੀ ਮੰਗ ਕੀਤੀ ਗਈ ਹੈ। ਇਹ ਡਾਟਾ ਉਨ੍ਹਾਂ ਨੂੰ ਤਾਂ ਹੀ ਭੇਜਿਆ ਜਾ ਸਕੇਗਾ, ਜੇਕਰ ਆਪ ਵੱਲੋਂ ਪੈਂਡੇਸੀ ਖਤਮ ਕੀਤੀ ਜਾਂਦੀ ਹੈ। ਇਸ ਲਈ ਆਪ ਨੂੰ ਅੰਤਿਮ ਯਾਦ ਪੱਤਰ ਜਾਰੀ ਕਰਦੇ ਹੋਏ ਸੈਕਸ਼ਨਿੰਗ ਅਥਾਰਟੀ ਅਤੇ ਸੰਸਥਾਵਾਂ ਦੀ ਪੱਧਰ ਤੇ ਸ਼ੋਅ ਹੋ ਰਹੇ ਪੈਂਡਿੰਗ ਕੇਸਾਂ ਦੀ ਲਿਸਟ ਦੁਬਾਰਾ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਦਰਸਾਈ ਗਈ ਪੈਂਡੇਸੀ ਭਾਵੇਂ ਉਹ ਸੈਕਸ਼ਨਿੰਗ ਅਥਾਰਟੀ ਦੇ ਪੱਧਰ ਤੇ ਹੋਵੇ ਜਾਂ ਅਧੀਨ ਆਉਂਦੀਆਂ ਸੰਸਥਾਵਾਂ ਦੇ ਪੱਧਰ ਤੇ, ਮਿਤੀ 30.04.2014 ਤੱਕ ਹਰ ਹਾਲਤ ਵਿੱਚ ਖਤਮ ਕੀਤੀ ਜਾਵੇ। ਜੇਕਰ ਆਪ ਵੱਲੋਂ ਮਿੱਥੇ ਸਮੇਂ ਵਿੱਚ ਪੈਂਡੇਂਸੀ ਖਤਮ ਨਹੀਂ ਕੀਤੀ ਜਾਂਦੀ ਤਾਂ ਮਾਮਲਾ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਜੇਕਰ ਆਪ ਵੱਲੋਂ ਪੈਂਡੇਂਸੀ ਖਤਮ ਨਾ ਹੋਣ ਕਾਰਨ ਕੋਈ ਵੀ ਯੋਗ ਲਾਭਪਾਤਰੀ ਸਕਾਲਰਸ਼ਿਪ ਦਾ ਲਾਭ ਲੈਣ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਉਸ ਸਬੰਧੀ ਕੋਈ ਕਾਨੂੰਨੀ ਅੜਚਣ ਪੈਦਾ ਹੁੰਦੀ ਹੈ ਤਾਂ ਉਸ ਦੀ ਸਾਰੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ/ਉਪਰੋਕਤ ਅਨੁਸਾਰ,

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅਕੰਣ ਨੰ: ਵੈਬ ਪੋਰਟਲ/ਸਕਾਲਰਸ਼ਿਪ ਮਿਤੀ:

ਇਸ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।